202 ~~32~~ 3314
7/2/2023
ਸੀ-1

**ADDL. CHIEF ADMINISTRATOR-CUM-ELECTORAL REGISTRATION OFFICER**
**-093-BATHINDA(RURAL)(SC), Zila Parshid Bhawan, 2nd Floor,**
**Cabin No.213-214 BATHINDA**
**Phone/Fax No. 0164-2241949**
**email:: erobathindarural93@gmail.com**

*ਜਿੰਮੇਵਾਰ ਬਣੋ, ਵੋਟਰ ਬਣੋ* *ਜਿੰਮੇਵਾਰ ਬਣੋ, ਵੋਟਰ ਬਣੋ*

ਨੰਬਰ ਚਸ/2023/ 387 ਮਿਤੀ 31/1/2023

ਵੱਲ

1. ਜਿਲਾ ਸਿਖਿਆ ਅਫਸਰ(ਸੈਕੰਡਰੀ) ਬਠਿੰਡਾ।
2. ਜਿਲਾ ਸਿਖਿਆ ਅਫਸਰ(ਐਲੀ ਸਿ)ਬਠਿੰਡਾ।
3. ਰਜਿਸਟਰਾਰ, ਮਹਾਰਾਜਾ ਰਣਜੀਤ ਸਿੰਘ ਟੈਕਨੀਕਲ ਯੂਨੀਵਰਸਿਟੀ, ਬਠਿੰਡਾ।
4. ਕੈਂਪਸ ਡਾਇਰੈਕਟਰ, ਪੀ ਟੀ ਯੂ ਗਿਆਨੀ ਜੈਲ ਸਿੰਘ ਇੰਜਨੀਅਰਿੰਗ,ਬਠਿੰਡਾ
5. ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਬਠਿੰਡਾ , ਸੰਗਤ, ਗੋਨਿਆਣਾ ਤੇ ਫੂਲ
6. ਕਾਰਜਕਾਰੀ ਇੰਜਨੀਅਰ, ਪੰਜਾਬ ਵ/ਸ ਐਂਡ ਸੈਨੀਟੇਸ਼ਨ ਡਵੀਜਨ ਨੰਬਰ 1,2 ਅਤੇ 3 ਬਠਿੰਡਾ
7. ਡਵੀਜਨਲ ਇੰਜਨੀਅਰ, ਪੀ ਐਸ ਟੀ ਸੀ ਡਵੀਜਨ ਨੰਬਰ 7 ਅਤੇ 8 ਬਠਿੰਡਾ।
8. ਕਾਰਜਕਾਰੀ ਇੰਜਨੀਅਰ, ਲੋਕ ਨਿਰਮਾਣ ਵਿਭਾਗ( ਬ ਤੇ ਮ) ਉਸਾਰੀ ਮੰਡਲ ਨੰਬਰ 1 ਬਠਿੰਡਾ
9. ਕਾਰਜਕਾਰੀ ਇੰਜਨੀਅਰ, ਲੋਕ ਨਿਰਮਾਣ ਵਿਭਾਗ( ਬ ਤੇ ਮ) ਮਕੈਨੀਕਲ ਡਵੀਜਨ ਬਠਿੰਡਾ
10. ਪ੍ਰਿਸੀਪਲ, ਡਾਈਟ ਦਿਉਣ
11. ਮੁਖ ਖੇਤੀਬਾੜੀ ਅਫਸਰ, ਬਠਿੰਡਾ।
12. ਸੀਨੀਅਰ ਮੈਡੀਕਲ ਅਫਸਰ ਸੰਗਤ , ਤਲਵੰਡੀ ਸਾਬੋ ਅਤੇ ਗੋਨਿਆਣਾਂ ਮੰਡੀ।
13. ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ, ਬਠਿੰਡਾ।
14. ਕਾਰਜਕਾਰੀ ਇੰਜਨੀਅਰ, ਬਠਿੰਡਾ ਨਹਿਰ ਮੰਡਲ ਬਠਿੰਡਾ
15. ਸੀਨੀਅਰ ਐਨਾਲਿਸਟ, ਭੂਮੀ ਪ੍ਰਯੋਗਸਾਲਾ, ਬਠਿੰਡਾ।
16. ਡਿਪਟੀ ਡਾਇਰੈਕਟਰ, ਸਥਾਨਿਕ ਸਰਕਾਰ, ਬਠਿੰਡਾ
17. ਕਾਰਜ ਸਾਧਕ ਅਫਸਰ, ਨਗਰ ਕੌਸਲ ਸੰਗਤ
18. ਕਾਰਜਕਾਰੀ ਇੰਜਨੀਅਰ, ਪੰਜਾਬ ਮੰਡੀ ਬੋਰਡ, ਬਠਿੰਡਾ
19. ਸਕੱਤਰ ਮਾਰਕੀਟ ਕਮੇਟੀ ਗੋਨਿਆਣਾਂ।
20. ਡਾਇਰੈਕਟਰ ਰਿਸਰਚ ਸੈਂਟਰ, ਪੀ ਏ ਯੂ ਬਠਿੰਡਾ।
21. ਨਿਗਰਾਨ ਇੰਜਨੀਅਰ, ਪੰਜਾਬ ਵ/ਸ ਐਂਡ ਸੈਨੀਟੇਸ਼ਨ ਸਰਕਲ। ਬਠਿੰਡਾ
22. ਪ੍ਰਿਸੀਪਲ, ਆਈ ਟੀ ਆਈ ਬਠਿੰਡਾ।
23. ਸਮੂਹ ਸੁਪਰਵਾਈਜਰ 093 ਬਠਿੰਡਾ ਦਿਹਾਤੀ ਵਿਧਾਨ ਸਭਾ ਹਲਕਾ।

**ਵਿਸ਼ਾ: ਮਿਤੀ 1-1-2023 ਨੂੰ ਯੋਗਤਾ ਮਿਤੀ ਦੇ ਆਧਾਰ ਤੇ ਵੋਟਰ ਸੂਚੀਆਂ ਦੀ ਸੁਧਾਈ।**

ਉਪਰੋਕਤ ਵਿਸੇ ਤੇ ਭਾਰਤ ਚੋਣ ਕਮਿਸਨ, ਨਵੀ ਦਿਲੀ ਅਤੇ ਮੁੱਖ ਚੋਣ ਅਫਸ,ਪੰਜਾਬ ਦੇ ਪਤਰ ਨੰਬਰ ਚੋਣ62022/401,ਮਿਤੀ 26-7-2022 ਦੀਆਂ ਹਦਾਇਤਾਂ ਅਨੁਸਾਰ ਮਿਤੀ 1-1-2023 ਨੂੰ ਯੋਗਤਾ ਮਿਤੀ ਦੇ ਆਧਾਰ ਤੇ 093 ਬਠਿੰਡਾ(ਦਿਹਾਤੀ) ਵਿਧਾਨ ਸਭਾ ਹਲਕੇ ਲਈ ਮਿਤੀ 04-08-2022 ਤੇ ਬੀ ਐਲ ਓਜ਼ ਵਲੋ **ਘਰ-ਘਰ ਵਿਜ਼ਟ ਕਰਕੇ** ਵੋਟਰ ਸੂਚੀ ਨੂੰ ਗਰੁੜ ਐਪ 'ਤੇ ਆਧਾਰ ਕਾਰਡ **(ਫਾਰਮ 6 ਬੀ)** ਨਾਲ ਲਿੰਕ ਕੀਤਾ ਜਾਣਾ ਹੈ।

**ਇਸ ਤੋਂ ਇਲਾਵਾ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਮਿਤੀ 01.01.2023 ਨੂੰ ਯੋਗਤਾ ਦੇ ਅਧਾਰ ਤੇ ਜਿਨਾ ਵੋਟਰਾਂ ਦੀ ਮਿਤੀ 01.04.2023, 01.07.2023 ਅਤੇ 01.10.2023 ਨੂੰ 18 ਸਾਲ ਦੀ ਉਮਰ ਹੋ ਗਈ ਹੋਵੇ ਉਹ ਵੋਟਰ ਆਪਣਾ ਨਾਮ ਵੋਟਰ ਸੂਚੀ ਵਿਚ ਦਰਜ ਕਰਨ ਲਈ ਫਾਰਮ ਨੰਬਰ 6 ਅਪਲਾਈ ਕਰ ਸਕਦਾ ਹੈ। ਜਿਸ ਦੌਰਾਨ ਸਮੂਹ ਬੀ.ਐਲ.ਓ ਵੱਲੋਂ ਮਹੀਨੇ ਦੇ ਹਰ ਵੀਰਵਾਰ ਅਤੇ ਸੁਕਰਵਾਰ ਨੂੰ ਆਪੋ ਆਪਣੇ ਪੋਲਿੰਗ ਬੂਥਾਂ ਤੇ ਬੈਠ ਕੇ ਵੋਟਰਾਂ ਤੋਂ ਦਾਅਵੇ ਅਤੇ ਇਤਰਾਜ ਲਏ ਜਾਣੇ ਹਨ।**

ਸੋ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪਦੇ ਅਧੀਨ ਕੰਮ ਕਰ ਰਹੇ ਸਮੂਹ ਕਰਮਚਾਰੀ, ਜਿਨਾਂ ਦੀ ਇਸ ਵਿਧਾਨ ਸਭਾ ਹਲਕੇ ਵਿਚ ਬਤੌਰ ਬੀ ਐਲ ਓ ਡਿਊਟੀ ਲੱਗੀ ਹੋਈ ਹੈ, ਨੂੰ ਲਿਖਤੀ ਰੂਪ ਵਿਚ ਹਦਾਇਤ ਕੀਤੀ ਜਾਵੇ ਕਿ ਉਹ **ਉਕਤ ਦਿਨਾਂ ਨੂੰ ਪੋਲਿੰਗ ਬੂਥਾਂ ਤੇ ਬੈਠ ਕੇ ਵੋਟਰਾਂ ਤੋਂ ਦਾਅਵੇ ਅਤੇ ਇਤਰਾਜ ਪ੍ਰਾਪਤ ਕਰਨ ਅਤੇ ਇਸ ਕੰਮ ਦੇ ਨਾਲ ਨਾਲ ਜੋ ਵੋਟਰਾਂ ਨਾਲ ਅਧਾਰ ਲਿੰਕ ਦਾ ਕੰਮ ਚੱਲ ਰਿਹਾ ਹੈ ਉਹ ਪਹਿਲਾਂ ਵਾਂਗ ਹੀ ਜਾਰੀ ਰਹੇਗਾ।**

**ਸੋ ਉਪਰੋਕਤ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਨੂੰ ਮੁੱਖ ਰੱਖਦਿਆਂ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਅਧੀਨ ਕੰਮ ਕਰ ਰਹੇ ਕਰਮਚਾਰੀ ਜਿਨ੍ਹਾ ਦੀ ਬਤੌਰ ਬੀ.ਐਲ.ਓ ਡਿਊਟੀ ਲੱਗੀ ਹੈ, ਨੂੰ ਮਿਤੀ 31.03.2023 ਤੱਕ ਹਰ ਹਫਤੇ ਵੀਰਵਾਰ ਅਤੇ ਸੁਕਰਵਾਰ ਚੋਣ ਡਿਊਟੀ ਦੇ ਕੰਮਾਂ ਲਈ ਦਫਤਰੀ ਕੰਮ ਤੋਂ ਫਾਰਗ ਕੀਤਾ ਜਾਵੇ ਅਤੇ ਇਸ ਸਬੰਧੀ ਹਦਾਇਤਾਂ ਸਮੂਹ ਸਕੂਲਾਂ ਦੇ ਮੁੱਖੀਆਂ ਨੂੰ ਪਾਲਣਾ ਹਿਤ ਤੁਰੰਤ ਭੇਜੀਆਂ ਜਾਣ, ਤਾਂ ਜੋ ਵੋਟਰ ਲਿੰਕ ਅਧਾਰ ਕਾਰਡ ਅਤੇ ਵੋਟਰ ਸੂਚੀਆਂ ਦਾ ਕੰਮ ਨਿਰਵਿਘਣ ਮੁਕੰਮਲ ਕੀਤਾ ਜਾ ਸਕੇ।**

ਇਨਾਂ ਹਦਾਇਤਾਂ ਦੀ ਇਨ-ਬਿਨ ਪਾਲਣਾਂ ਕਰਨੀ ਯਕੀਨੀ ਬਣਾਈ ਜਾਵੇ **ਅਤੇ ਕਿਸੇ ਕਿਸਮ ਦੀ ਕੁਤਾਹੀ ਕਰਨ ਦੀ ਸੂਰਤ ਵਿੱਚ ਲੋਕ ਪ੍ਰਤੀਨਿਧਤਾ ਐਕਟ 1950 ਦੀ ਧਾਰਾ 32 ਤਹਿਤ ਅਨੁਸ਼ਾਸ਼ਨੀ ਕਾਰਵਾਈ ਆਰੰਭੀ ਜਾਵੇਗੀ।**

ਚੋਣਕਾਰ ਰਜਿਸਟਰੇਸ਼ਨ ਅਫਸਰ
93-ਬਠਿੰਡਾ ਦਿਹਾਤੀ ਵਿਧਾਨ ਸਭਾ ਹਲਕਾ

ਪਿਠਅੰਕਣ ਨੰਬਰ ਚਸ/2023/ ਮਿਤੀ

ਇਸ ਦਾ ਇਕ ਉਤਾਰਾ ਜਿਲ੍ਹਾ ਚੋਣ ਅਫਸਰ ਬਠਿੰਡਾ ਜੀ ਨੂੰ ਸੂਚਨਾਂ ਹਿਤ ਭੇਜਿਆ ਜਾਂਦਾ ਹੈ।

ਚੋਣਕਾਰ ਰਜਿਸਟਰੇਸ਼ਨ ਅਫਸਰ
93-ਬਠਿੰਡਾ ਦਿਹਾਤੀ ਵਿਧਾਨ ਸਭਾ ਹਲਕਾ

## ਦਫਤਰ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਬਠਿੰਡਾ

**ਪਿੰਠ ਅੰਕਣ ਨੰ : ਜੀ-4/1 ( ) 2023 / ਚੋਣਾਂ-093 ਬਠਿੰਡਾ / 199** **ਮਿਤੀ : 01/02/2023**

**~~ਉਕਤ ਦਾ ਉਤਾਰਾ ਸਮੂਹ ਸਕੂਲ ਮੁਖੀਆ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ~~ ਵਿਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।**

1/2/23

**ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)**
**ਬਠਿੰਡਾ।**